

22 ਮਾਰਚ 2020
ਕੀ ਤੁਸੀਂ ਵਾਇਰਸ ਬਾਰੇ ਸੁਣਿਆ ਹੈ?
ਕੀ ਉਹ ਸਭ ਕੁਝ ਬੰਦ ਕਰ ਦੇਣਗੇ?
ਫੁੱਲੋਬਾਈ ਇੱਕ 43 ਸਾਲ ਦੀ ਗੋਂਡ ਮੂਲ ਦੀ ਔਰਤ ਹੈ ਜੋ ਲਾਲਗੜ੍ਹ ਵਿੱਚ ਸਬਜ਼ੀ ਵੇਚਣ ਦਾ ਕੰਮ ਕਰਦੀ ਹੈ ।
ਟੀਵੀ ਤੇ ਤਾਲਾਬੰਦੀ ਦੇ ਐਲਾਨ ਤੋਂ ਬਾਅਦ ਪੂਰੀ ਬਸਤੀ ਵਿੱਚ ਉਲਝਣ ਅਤੇ ਹਫੜਾ-ਦਫੜੀ ਦਾ ਮਾਹੌਲ ਫੈਲ ਗਿਆ ।
ਫੁੱਲੋ, ਹੁਣ ਅਸੀਂ ਤਾਲਾਬੰਦੀ ਵਿੱਚ ਆਪਨੀ ਰੋਜ਼ੀ-ਰੋਟੀ ਕਿਵੇਂ ਕਮਾਵਾਂਗੇ?
ਫੁੱਲੋਬਾਈ ਆਪਣੇ ਬਚਾਏ ਹੋਏ ਪੈਸੇ ਗਿਣਦੀ ਹੈ ।
ਸਾਡੇ ਕੋਲ ਸਿਰਫ਼ 4000 ਰੁਪਏ ਬਚੇ ਹਨ ਪਰ ਲਗਭਗ ਸਾਰਾ ਰਾਸ਼ਨ ਖਤਮ ਹੋ ਗਯਾ ਹੈ । ਕੀ ਉਹ ਸਾਨੂੰ ਸਬਜ਼ੀਆਂ ਵੇਚਣ ਦੇਣਗੇ?
ਫੁੱਲੋ, ਤੂੰ ਸਬਜ਼ੀਆਂ ਵੇਚਣ ਲਈ ਬਾਹਰ ਜਾ ਸਕਦੀ ਹੈ । ਪਰ ਕੀ ਮੈਂ ਸਿਲਾਈ ਦਾ ਕੰਮ ਕਰ ਸਕਾਂਗੀ?
ਭੈਣ, ਕੰਮ ਕੀਤੇ ਬਿਨਾਂ ਮੈਂ ਅਤੇ ਸੈਬੂ ਆਪਣਾ ਗੁਜ਼ਾਰਾ ਨਹੀਂ ਕਰ ਸਕਦੇ ।
ਸੈਬੂ ਫੁੱਲੋਬਾਈ ਦਾ ਪਤੀ ਹੈ । ਉਹ ਨੇੜੇ ਦੇ ਘਰਾਂ ਤੋਂ ਕੂੜਾ ਚੁੱਕਣ ਦਾ ਕੰਮ ਕਰਦਾ ਹੈ ।


23 ਮਾਰਚ
ਫੁੱਲੋ, ਅੱਜ ਬੱਸਾਂ ਨਹੀਂ ਚੱਲ ਰਹੀਆਂ ਇਸ ਕਰਕੇ ਤੂੰ ਮੇਰਾ ਸਾਈਕਲ ਲੈ ਕੇ ਚਲੀ ਜਾ ।
ਮਾਂ ਨੂੰ ਬਾਜ਼ਾਰ ਮੈਂ ਛੱਡ ਦਵੰਗਾ ।
ਸੰਜੇ ਫੁੱਲੋਬਾਈ ਦਾ 14 ਸਾਲਾਂ ਦਾ ਬੇਟਾ ਹੈ ।
RAND
FASH
STORE
ਮਾਂ ਛੇਤੀ ਉੱਥੇ ਚਲੋ । ਮੈਨੂੰ ਇਸ ਪਾਸੇ ਤੋਂ ਪੁਲਿਸ ਦੇ ਸਾਇਰਨ ਦੀ ਆਵਾਜ਼ ਆ ਰਹੀ ਹੈ ।
ਮੈਂ ਅੱਜ ਤੱਕ ਕਦੇ ਵੀ ਸੜਕਾਂ ਇੰਨੀ ਖਾਲੀ ਨਹੀਂ ਵੇਖੀਆਂ ।
ਬਾਕੀ ਦੇ ਰੇਹੜੀ ਵਾਲੇ ਵੀ ਇਥੇ ਹੀ ਮੌਜੂਦ ਨੇ । ਮੰਦਰ, ਮਸਜਿਦ ਅਤੇ ਗੁਰੂਦਵਾਰਾ ਸਾਹਿਬ ਵੀ ਖੁੱਲੇ ਹਨ ।
ਸਿਰਫ਼ ਵੱਡੀਆਂ ਦੁਕਾਨਾਂ ਤੇ ਤਾਲਾ ਲੱਗਿਆ ਹੋਇਆ ਹੈ ।
ਆਪਣੇ ਕੁਝ ਸਾਥੀਆਂ ਨੂੰ ਚੌਂਕ ਵਿੱਚ ਵੇਖ ਕੇ ਫੁੱਲੋਬਾਈ ਨੂੰ ਹੌਂਸਲਾ ਮਿਲਦਾ ਹੈ ।
ਫੁੱਲੋਬਾਈ ਪੁਲਿਸ ਦੀ ਗੱਡੀ ਨੂੰ ਬਾਜ਼ਾਰ ਵੱਲ ਮੁੜਦੇ ਵੇਖਦੀ ਹੈ ਅਤੇ ਗੱਡੀ ਮਸਜਿਦ ਦੇ ਬਾਹਰ ਰੁਕ ਜਾਉਂਦੀ ਹੈ । ਇਸ ਦੌਰਾਨ, ਮੰਦਰ ਵਿੱਚ ਆਰਤੀ ਸ਼ੁਰੂ ਹੋ ਜਾਂਦੀ ਹੈ ।


ਫੁੱਲੋਬਾਈ ਦੇ ਸਾਹਮਣੇ ਪੁਲਿਸ ਮਸਜਿਦ ਤੋਂ ਨਿਕਲ ਰਹੇ 11 ਲੋਕਾਂ ਨੂੰ ਕੁੱਟਮਾਰ ਕੇ ਹਿਰਾਸਤ ਵਿੱਚ ਲੈ ਲਿੰਦੀ ਹੈ ।
STORE
ਫੁੱਲੋਬਾਈ ਵੇਖਦੀ ਹੈ ਕਿ ਕਾਂਸਟੇਬਲ ਰਾਮ ਮਿਸ਼ਰਾ ਨੇ ਪੁਜਾਰੀ ਨੂੰ ਮੰਦਰ ਬੰਦ ਕਰਨ ਲਈ ਕਿਹਾ, ਅਤੇ ਜਾਣ ਤੋਂ ਪਹਿਲਾਂ ਉਹ ਮੂਰਤੀ ਅੱਗੇ ਝੁਕਦਾ ਹੈ ਅਤੇ ਪ੍ਰਸ਼ਾਦ ਖਾਂਦਾ ਹੈ ।
ਮੰਦਰ ਦੇ ਬਾਹਰ ਤਾਂ ਕਿਸੀ ਵਿਅਕਤੀ ਨੂੰ ਗਿਰਫ਼ਤਾਰ ਨਹੀਂ ਕੀਤਾ !
ਮਾਂ, ਮੰਦਰ ਜਾਣਾ ਕੋਈ ਗੁਨਾਹ ਥੋੜੇ ਨਾਂ ਹੈ । ਉਸ ਤੋਂ ਇਲਾਵਾ, ਮਸਜਿਦ ਵਿੱਚ ਜ਼ਿਆਦਾ ਲੋਕ ਮੌਜੂਦ ਸੀ ।
ਮਸਜਿਦ ਤੋਂ ਗ੍ਰਿਫਤਾਰ ਹੋਏ ਮੁਸਲਮਾਨ ਲੋਕ ਪੁਲਿਸ ਨੂੰ ਰਿਹਾਈ ਦੀ ਬੇਨਤੀ ਕਰਦੇ ਹੈ ਅਤੇ ਪੁਲਿਸ ਉਹਨਾਂ ਨੂੰ ਤਾਲਾਬੰਦੀ ਦੇ ਨਿਯਮ ਤੋੜਣ ਲਈ ਝਿੜੱਕਦੀ ਹੈ ।


ਮੀਟ-ਵਿਕਰੇਤਾ ਅਤੇ ਰੇਹੜੀ ਲਾਉਣ ਵਾਲਿਆਂ ਨੂੰ ਭਜਾਉਣ ਲਈ ਬਾਜ਼ਾਰ ਵਿੱਚ ਹੋਰ ਪੁਲਿਸ ਆਉਂਦੀ ਹੈ ।
ਅਸੀਂ ਉਲੰਘਣਾ ਕਰਨ ਵਾਲਿਆਂ ਨੂੰ ਪਹਿਲਾਂ ਹੀ ਗਿਰਫ਼ਤਾਰ ਕਰ ਲਿਆ ਹੈ ।
ਚਲੇ ਜਾਉ, ਨਹੀਂ ਤਾਂ ਡੰਡੇ ਮਾਰ ਕੇ ਹਵਾਲਾਤ ਦੇ ਦਰਸ਼ਨ ਕਰਾ ਦੇਣਗੇ ।
ਜਦੋਂ ਫੁੱਲੋਬਾਈ ਅਤੇ ਸੰਜੇ ਜਲਦੀ ਨਾਲ ਆਪਣੀਆਂ ਸਬਜ਼ੀਆਂ ਬੰਨ੍ਹਦੇ ਹਨ, ਉਦੋਂ ਪੁਲਿਸ ਮੀਟ ਵੇਚਣ ਵਾਲੇ ਕਸਾਈ ਅਕਰਮ ਨੂੰ ਘੇਰ ਲੈਂਦੀ ਹੈ ।
ਤੁਸੀਂ ਮੈਨੂੰ ਗਿਰਫ਼ਤਾਰ ਕਿਉਂ ਕਰ ਰਹੇ ਹੋ?
ਕਨੂੰਨ ਦੇ ਅਧੀਨ ਮਾਸ ਇੱਕ ਜ਼ਰੂਰੀ ਵਸਤੂ ਹੈ!
MEAT
ਜ਼ਿਲ੍ਹਾ ਕੁਲੈਕਟਰ ਦੇ ਆਦੇਸ਼ ਮੁਤਾਬਕ ਸਿਰਫ਼ ਜ਼ਰੂਰੀ ਵਸਤੂਆਂ ਹੀ ਘਰ-ਘਰ ਜਾਕੇ ਹੀ ਵੇਚ ਸਕਦੇ ਹੈਂ ।
ਪਰ ਮੈਂ ਘਰਾਂ ਵਿੱਚ ਜਾਕੇ ਹੀ ਕਿਵੇਂ ਵੇਚ ਸਕਦਾ ਹਾਂ?
ਸਾਹਿਬ, ਕਿਰਪਾ ਕਰਕੇ ਸਾਡਾ ਮਾਲ ਛੱਡ ਦੋ ।
ਅਸੀਂ ਚਲੇ ਜਾਵਾਂਗੇ!
ਇੱਕ ਹਵਲਦਾਰ ਫੁੱਲੋਬਾਈ ਦੀਆਂ ਸਬਜ਼ੀਆਂ ਨੂੰ ਨਸ਼ਟ ਕਰਨਾ ਸ਼ੁਰੂ ਕਰ ਦਿੰਦਾ ਹੈ ।


ਤੈਨੂੰ ਹਿਰਾਸਤ ਵਿੱਚ ਲਿਆ ਜਾਂਦਾ ਹੈ! ਤੇਰੇ ਕੋਲ ਤਾਲਾਬੰਦੀ ਦੇ ਨਿਯਮ ਤੋੜਨ ਲਈ ਕੀ ਕਾਰਨ ਹੈ ?
ਕਿਰਪਾ ਕਰਕੇ ਇਸ ਨੂੰ ਜਾਣ ਦੋ, ਅਸੀਂ ਚਲੇ ਜਾਵਾਂਗੇ ।
ਚੁੱਪ ਕਰ ਜਾ, ਮੈਂ ਤੈਨੂੰ ਇੱਕ ਚੇਤਾਵਨੀ ਦੇ ਕੇ ਛੱਡ ਦਿਆਂਗਾ ।
ਤੁਸੀਂ ਲੋਕ ਕਦੇ ਵੀ ਨਿਯਮਾਂ ਦੀ ਪਾਲਣਾ ਨਹੀਂ ਕਰਦੇ!
ਵਾਇਰਸ ਦੇ ਬਾਵਜੂਦ ਵੀ ਸਾਨੂੰ ਤੁਹਾਡੀ ਸੁਰੱਖਿਆ ਲਈ ਕੰਮ ਕਰਨਾ ਪੈਂਦਾ ਹੈ ।
ਕਿਹੜੀ ਸੁਰੱਖਿਆ?! ਪੁਲਿਸ ਦੇ ਅੱਤਿਆਚਾਰ ਤੋਂ ਕੌਣ ਬਚਿਆ ਹੈ?
ਫੁੱਲੋਬਾਈ ਵੇਖਦੀ ਹੈ ਕਿ ਉਮਾਕਾਂਤ, ਟੈਂਟ ਦੀ ਦੁਕਾਨ ਦੇ ਮਾਲਕ ਨੂੰ ਵੀ ਇੱਕ ਚੇਤਾਵਨੀ ਦੇ ਕੇ ਛੱਡ ਦਿੱਤਾ ਗਿਆ ਹੈ ।
ਤੁਸੀਂ ਜ਼ਰੂਰੀ ਵਸਤੂਆਂ ਦੀ ਸ਼੍ਰੇਣੀ ਦੇ ਅਧੀਨ ਕਿਵੇਂ ਹੋ?


ਅੱਸੀਂ ਤੈਨੂੰ ਇੱਕ ਚੇਤਾਵਨੀ ਦੇ ਕੇ ਛੱਡ ਰਹੇ ਹਾਂ । ਇਹ ਪਰਚੀ ਰੱਖੋ, ਇਹ ਤੁਹਾਡਾ ਨੋਟਿਸ ਹੈ ।
ਮੇਰਾ ਖਿਆਲ ਹੈ ਕਿ ਮੈਂ ਖੁਸ਼ਕਿਸਮਤ ਹਾਂ ।
ਫੁੱਲੋਬਾਈ ਪੁਲਿਸ ਨੂੰ ਸੜਕ 'ਤੇ ਲੋਕਾਂ ਦੀ ਜਾਂਚ ਕਰਦੀ ਦੇਖਦੀ ਹੈ । ਕੁਝ ਲੋਕਾਂ ਨੂੰ ਰੋਕਿਆ ਜਾਂਦਾ ਹੈ ਅਤੇ ਕੁਝ ਨੂੰ ਛੱਡ ਦਿੱਤਾ ਜਾਂਦਾ ਹੈ ।
STORE
ਪੁਲਿਸ ਇਹ ਫੈਸਲੇ ਕਿਵੇਂ ਲੈ ਰਹੀ ਹੈ?
ਪੁਲਿਸ ਸਾਰੇ ਕਾਬੂ ਕੀਤੇ ਹੋਏ ਵਿਅਕਤੀਆਂ ਨੂੰ ਨਾਲ ਲੈ ਗਈ ।
ਉਹ ਸੰਜੇ ਨੂੰ ਕਿੱਥੇ ਲੈ ਜਾ ਰਹੇ ਹਨ?! ਇਸ ਨੋਟਿਸ ਦਾ ਕੀ ਮਤਲਬ ਹੈ?
ਫੁੱਲੋਬਾਈ ਨੇੜੇ ਦੇ ਪੁਲਿਸ ਥਾਣੇ ਤੇ ਇਹ ਵੇਖਣ ਲਈ ਜਾਂਦੀ ਹੈ ਕਿ ਸੰਜੇ ਨੂੰ ਉਥੇ ਰੱਖਿਆ ਹੋਇਆ ਹੈ ਜਾਂ ਨਹੀਂ?
ਪੁਲਿਸ ਨੇ ਅੱਜ ਦੀਆਂ ਸਬਜ਼ੀਆਂ ਨੂੰ ਨਸ਼ਟ ਕਰ ਦਿੱਤਾ । 4,000 ਰੁਪਏ ਨਾਲ ਮੈਂ ਸੰਜੇ ਨੂੰ ਅਜ਼ਾਦ ਕਰਾਉਣ ਦਾ ਖਰਚਾ ਕਿਵੇਂ ਕਰਾਂਗੀ?


ਪੁਲਿਸ ਨੇ ਫੁੱਲੋਬਾਈ ਨੂੰ ਪੁਲਿਸ ਚੌਂਕੀ ਤੇ ਰੋਕਿਆ ।
ਸਾਹਿਬ ਮੈਂ ਆਪਣੇ ਮਾਪਿਆਂ ਲਈ ਦਵਾਈਆਂ ਖਰੀਦਣ ਬਾਹਰ ਨਿਕਲਿਆ ਹਾਂ, ਕਿਰਪਾ ਕਰਕੇ ਮੈਨੂੰ ਜਾਣ ਦਿਓ ।


ਸਾਹਿਬ ਜੀ, ਮੇਰਾ ਪਤੀ ਮੈਨੂੰ ਹਰ ਰੋਜ਼ ਕੁੱਟਦਾ ਹੈ । ਮੈਂ ਨਾਲ ਦੇ ਜ਼ਿਲ੍ਹੇ ਵਿੱਚ ਆਪਣੇ ਮਾਪਿਆਂ ਦੇ ਘਰ ਚਲੀ ਜਾਵਾਂਗੀ, ਨਹੀਂ ਤਾਂ ਮੈਂ ਤਾਲਾਬੰਦੀ ਵਿੱਚ ਨਹੀਂ ਬਚਾਂਗੀ ।
ਪੁਲਿਸ ਦਵਾਈਆਂ ਖਰੀਦਣ ਵਾਲੇ ਆਦਮੀ ਅਤੇ ਆਪਣੇ ਪਤੀ ਦਾ ਘਰ ਛੱਡਣ ਵਾਲੀ ਔਰਤ ਨੂੰ ਨੋਟਿਸ ਜਾਰੀ ਕਰਦੀ ਹੈ ।


ਤੁਸੀਂ ਬਾਹਰ ਕਿਉਂ ਹੋ ਅਤੇ ਮਾਸਕ ਕਿਉਂ ਨਹੀਂ ਲਾਏ ਹੋਏ ਹਨ?
ਅਸੀਂ ਤਾਲਾਬੰਦੀ ਦੇ ਹਾਲਾਤਾਂ ਨੂੰ ਵੇਖਣਾ ਚਾਹੁੰਦੇ ਸੀ ।
ਪੁਲਿਸ ਤਿੰਨੋਂ ਭਟਕ ਰਹੇ ਨੌਜਵਾਨਾਂ ਨੂੰ ਨੋਟਿਸ ਜਾਰੀ ਕਰਦੀ ਹੈ ।


ਫੁੱਲੋਬਾਈ ਵੇਖਦੀ ਹੈ ਕਿ ਇੱਕ ਹੌਂਡਾ ਗੱਡੀ ਨੂੰ ਅੱਗੇ ਜਾਣ ਦੀ ਆਗਿਆ ਮਿਲ ਜਾਂਦੀ ਹੈ ।
ਗੱਡੀ ਨੂੰ ਜਾਣ ਦੋ, ਉਹ ਰਾਸ਼ਨ ਲੈ ਰਹੇ ਹਨ!
ਸਿੱਧੇ ਘਰ ਚਲੇ ਜਾਓ, ਅਵਾਰਾਗਰਦੀ ਨਾ ਕਰੋ ।


ਪੁਲਿਸ ਫੁੱਲੋਬਾਈ ਤੋਂ ਪੁੱਛਗਿੱਛ ਕਰਦੀ ਹੈ ਅਤੇ ਉਹ ਉਹਨਾਂ ਨੂੰ ਆਪਣਾ ਨੋਟਿਸ ਵਿਖਾਉਂਦੀ ਹੈ ।
ਮੇਰੇ ਬੇਟੇ ਨੂੰ ਗਿਰਫ਼ਤਾਰ ਕਰ ਲਿਆ ਗਿਆ ਹੈ। ਕਿਰਪਾ ਕਰਕੇ, ਮੈਨੂੰ ਥਾਣੇ ਜਾਣ ਦੀ ਆਗਿਆ ਦੋ ।


ਪੁਲਿਸ ਨੋਟਿਸਾਂ ਵਾਲੇ ਹਰੇਕ ਵਿਅਕਤੀ ਤੋਂ ਸਜ਼ਾ ਵਜੋਂ ਉਠਕ-ਬੈਠਕ ਕਰਾਉਂਦੀ ਹੈ ।
ਤੁਹਾਡੇ ਵਿੱਚੋਂ ਕਿਸੇ ਦੇ ਵੀ ਕੋਲ ਤਾਲਾਬੰਦੀ ਦੀ ਉਲੰਘਣਾ ਕਰਨ ਦੇ ਤਸੱਲੀਬਖਸ਼ ਕਾਰਨ ਨਹੀਂ ਹਨ । ਆਪਣੇ ਘਰ ਬੈਠੇ ਰਹੋ ।


ਫੁੱਲੋਬਾਈ ਕਿਸੇ ਤਰਹ ਨੇੜਲੇ ਥਾਣੇ ਪਹੁੰਚਦੀ ਹੈ ।
ਦਫ਼ਾ ਹੋ ਜਾ! ਤੇਰਾ ਮੁੰਡਾ ਇੱਥੇ ਨਹੀਂ ਹੈ ਅਤੇ ਹਜੇ ਤਾਲਾਬੰਦੀ ਦਾ ਮਾਹੌਲ ਹੈ, ਘਰ ਜਾ!


ਥਾਣੇ ਦੇ ਬਾਹਰ ਕੁਝ ਕਾਂਸਟੇਬਲ ਹੱਥ-ਧੋਣ ਬਾਰੇ ਨੱਚਣ-ਟੱਪਣ ਵਾਲੀ ਵੀਡੀਓ ਸ਼ੂਟ ਕਰ ਰਹੇ ਹਨ ।
ਇੱਕ ਵਾਰੀ ਹੋਰ ਕਰੋ, ਪਿਛਲੇ ਕੁਝ ਸਕਿੰਟ ਧੁੰਦਲੇ ਹਨ ।


ਨਿਰਾਸ਼ ਅਤੇ ਚਿੰਤਤ ਫੁੱਲੋਬਾਈ ਘਰ ਪਰਤ ਆਈ ।
ਸੰਜੇ ਕਿਥੇ ਹੈ?
ਉਸਨੂੰ ਗਿਰਫ਼ਤਾਰ ਕਰ ਲਿਆ ਗਿਆ ਹੈ ।
ਪੁਲਿਸ ਨੇ ਬਸਤੀ ਦੇ ਕੁਝ ਲੋਕਾਂ ਨੂੰ ਵੀ ਗਿਰਫ਼ਤਾਰ ਕੀਤਾ ਹੈ ।
ਸੈਬੁ ਫੁੱਲੋਬਾਈ ਨੂੰ ਕਹਿੰਦਾ ਹੈ ਕਿ ਪੁਲਿਸ ਨੇ ਬਸਤੀ ਵਿਚ *ਪਾਰਧੀ* ਲੋਕਾਂ ਦੇ ਘਰਾਂ ਨੂੰ ਨਿਸ਼ਾਨਾ ਬਣਾਇਆ ਸੀ, *ਮਹੂਆ* ਲੱਭਣ ਦੇ ਲਈ ਉਹਨਾਂ ਦੇ ਘਰ ਤਬਾਹ ਕਰ ਦਿੱਤੇ । *ਮਹੂਆ* ਇੱਕ ਰਵਾਇਤੀ ਸ਼ਰਾਬ ਹੈ ਜੋ *ਪਾਰਧੀ* ਲੋਕ ਆਪਣੀ ਰੋਜ਼ੀ-ਰੋਟੀ ਲਈ ਬਣਾਉਂਦੇ ਹਨ ।
ਸਾਹਿਬ ਜੀ, ਮੈਂ 2 ਮਹੀਨੇ ਪਹਿਲਾਂ ਸ਼ਰਾਬ ਵੇਚਣੀ ਬੰਦ ਕਰ ਦਿੱਤੀ ਸੀ ।
ਪੁਲਿਸ ਨੇ ਜੂਆ ਕਾਨੂੰਨਾਂ ਤਹਿਤ ਤਾਸ਼ ਖੇਡਦੇ ਵਿਅਕਤੀਆਂ ਨੂੰ ਵੀ ਗਿਰਫ਼ਤਾਰ ਕੀਤਾ ਹੈ ।
ਜਿਹੜਾ ਵੀ ਵਿਅਕਤੀ ਆਪਣੇ ਘਰ ਜਾਂ ਬਸਤੀ ਤੋਂ ਬਾਹਰ ਨਿਕਲੁਗਾ ਉਸਨੂੰ ਗਿਰਫ਼ਤਾਰ ਕੀਤਾ ਜਾਵੇਗਾ !
ਰੋ ਨਾ ਫੁੱਲੋ, ਸੰਜੇ ਇੱਕ ਗੋਂਡੀ ਹੈ । ਇਹ ਸਾਡੇ *ਸਮਾਜ* ਦੇ ਲੋਕਾਂ ਨਾਲ ਹਮੇਸ਼ਾਂ ਹੁੰਦਾ ਹੈ । ਮੈਨੂੰ ਵੀ ਮਾਮੂਲੀ ਜਿਹੀ ਗੱਲਾਂ ਲਈ ਗਿਰਫ਼ਤਾਰ ਕੀਤਾ ਗਿਆ ਹੈ, ਪਰ ਮੈਂ ਅਜੇ ਵੀ ਇਥੇ ਹਾਂ ।



ਆਦਿਵਾਸੀਆਂ ਦੀ ਕਿਸਮਤ ਏਨੀ ਮਾੜੀ ਕਿਉਂ ਹੈ? ਪੁਲਿਸ ਸਾਨੂੰ ਕਿਉਂ ਨਿਸ਼ਾਨਾ ਬਣਾਉਂਦੀ ਹੈ? ਮੈਂ ਆਪਣੇ ਬੇਟੇ ਨੂੰ ਕਿਵੇਂ ਅਜ਼ਾਦ ਕਰਾ ਪਾਵਾਂਗੀ?
ਪੁਲਿਸ ਅਨੁਸਾਰ ਤਾਲਾਬੰਦੀ ਦੀ ਉਲੰਘਣਾ ਕਰਨ ਦਾ ਤਸੱਲੀਬਖਸ਼ ਕਾਰਨ ਕੀ ਹੈ ?! ਕੀ ਅੱਸੀਂ ਆਪਣੇ ਪਰਿਵਾਰਾਂ ਨੂੰ ਭੋਜਨ ਦੇਣ ਲਈ ਕੰਮ ਨਾਂ ਕਰੀਏ?
20 ਮਈ
ਅਕਰਮ ਵਾਪਸ ਨਹੀਂ ਆਇਆ?
ਉਹ ਸ਼ਾਇਦ ਹਜੇ ਵੀ ਜੇਲ੍ਹ ਵਿੱਚ ਹੈ, ਫੁੱਲੋਬਾਈ ਦੇ ਬੇਟੇ ਦੇ ਨਾਲ ।
ਤਾਲਾਬੰਦੀ ਖ਼ਤਮ ਹੋਣ ਤੋਂ ਬਾਅਦ ਫੁੱਲੋਬਾਈ ਬਜ਼ਾਰ ਵਿਚ ਪਰਤ ਆਈ ।
ਮੈਂ ਉਮੀਦ ਕਰਦੀ ਹਾਂ ਕਿ ਅਸੀਂ ਸਾਰੇ ਅੱਜ ਇੰਨਾ ਪੈਸਾ ਕਮਾ ਲਈਏ ਤਾਂ ਜੋ ਸਾਡੇ ਪਰਿਵਾਰ ਇੱਕ ਵਕ਼ਤ ਦੀ ਰੋਟੀ ਖਾ ਸਕਣ ।
ਫੁੱਲੋਬਾਈ ਹਜੇ ਵੀ ਉਹ ਨੋਟਿਸ ਦੀ ਪਰਚੀ ਆਪਣੇ ਕੋਲ ਸੰਭਾਲ ਕੇ ਰੱਖਦੀ ਹੈ, ਬਿਨਾਂ ਸਮਝੇ ਕਿ ਇਸਦਾ ਕੀ ਮਤਲਬ ਹੈ ।